NREGA .N. DAK 1019

# ਦਫਤਰ ਵਧੀਕ ਡਿਪਟੀ ਕਮਿਸ਼ਨਰ(ਵਿ:), ਫਰੀਦਕੋਟ।

## ਮਹਾਤਮਾ ਗਾਂਧੀ ਨਰੇਗਾ ਸੈੱਲ

## ਇਸ਼ਤਿਹਾਰ

ਜਿਲ੍ਹਾ ਫਰੀਦਕੋਟ ਵਿਖੇ ਮਗਨਰੇਗਾ ਅਧੀਨ ਅਸਾਮੀਆਂ ਭਰਨ ਲਈ ਉਮੀਦਵਾਰਾਂ ਦਾ ਲਿਖਤੀ ਟੈਸਟ ਮਿਤੀ 27/12/2020 ਨੂੰ ਫਰੀਦਕੋਟ ਵਿਖੇ ਲਿਆ ਜਾਵੇਗਾ। ਟੈਸਟ ਲੈਣ ਲਈ ਸਥਾਨ, ਸਮਾਂ, ਰੋਲ ਨੰਬਰ ਜਿਲ੍ਹਾ ਫਰੀਦਕੋਟ ਦੀ ਵੈਬ ਸਾਈਟ faridkot.nic.in ਤੇ ਅਪਲੋਡ ਕਰ ਦਿੱਤੇ ਜਾਣਗੇ ਅਤੇ ਐਨ.ਆਈ.ਸੀ. ਵੱਲੋਂ ਉਮੀਦਵਾਰਾਂ ਨੂੰ SMS ਰਾਹੀਂ ਵੀ ਸੂਚਿਤ ਕੀਤਾ ਜਾਵੇਗਾ। ਜੇਕਰ ਕਿਸੇ ਉਮੀਦਵਾਰ ਨੂੰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਮਗਨਰੇਗਾ ਸੈਲ, ਜਿਲ੍ਹਾ ਪ੍ਰੀਸ਼ਦ ਫਰੀਦਕੋਟ ਵਿਖੇ ਆ ਕੇ ਜਾਂ ਮਗਨਰੇਗਾ ਸੈਲ 01639-256101 ਤੇ ਵੀ ਸੰਪਰਕ ਕਰ ਸਕਦੇ ਹਨ। ਕਿਸੇ ਵੀ ਉਮੀਦਵਾਰ ਨੂੰ ਡਾਕ ਰਾਹੀਂ ਐਡਮਿਟ ਕਾਰਡ/ਰੋਲ ਨੰਬਰ ਨਹੀ ਭੇਜੇ ਜਾਣਗੇ।

1. ਉਮੀਦਵਾਰ ਲਿਖਤੀ ਟੈਸਟ ਵਾਲੇ ਦਿਨ ਟੈਸਟ ਸੈਂਟਰ ਦੇ ਅੰਦਰ ਮੋਬਾਇਲ ਫੋਨ, ਕੈਲਕੂਲੇਟਰ ਅਤੇ ਜਮੈਂਟਰੀ ਬੋਕਸ ਲੈ ਕੇ ਨਹੀ ਆਉਣਗੇ।

2. ਉਮੀਦਵਾਰ ਆਪਣੇ ਨਾਲ ਨੀਲਾ ਬਾਲ ਪੈਂਨ ਲੈ ਕੇ ਆਉਣਗੇ।

3. ਕੋਵਿਡ-19 ਦੀਆਂ ਹਦਾਇਤਾਂ ਅਨੁਸਾਰ ਉਮੀਦਵਾਰ ਮਾਸਕ ਪਾ ਕੇ, ਸੈਨੀਟੈਈਜਰ ਦੀ ਵਰਤੋਂ ਕਰਕੇ ਹੀ ਟੈਸਟ ਸੈਂਟਰ ਅੰਦਰ ਦਾਖਲ ਹੋਣਗੇ ਅਤੇ ਸੋਸ਼ਲ ਡਿਸਟੈਂਸ ਬਣਾਉਣ ਦੇ ਪਾਬੰਦ ਹੋਣਗੇ।

4. ਉਮੀਦਵਾਰ ਟੈਸਟ ਸੈਂਟਰ ਅੰਦਰ ਪਾਣੀ ਦੀ ਬੋਤਲ ਅਤੇ ਖਾਣਾ, ਜਿਸ ਵਿੱਚ ਲੈ ਕੇ ਆਉਣਾ ਹੈ, ਉਹ ਟਰਾਸਪੇਰੈਂਟ ਹੋਣਾ ਚਾਹੀਦਾ ਹੈ।

5. ਉਮੀਦਵਾਰ, ਜਿਹਨਾਂ ਨੇ ਇੱਕ ਤੋਂ ਵੱਧ ਪੋਸਟ ਲਈ ਅਪਲਾਈ ਕੀਤਾ ਹੈ, ਉਹ ਲਿਖਤੀ ਟੈਸਟ ਦੇਣ ਸਮੇਂ ਫਾਰਮ ਵਿੱਚ ਆਪਣੀ Option ਦੱਸਣਗੇ ਕਿ ਉਹ ਕਿਸ ਅਸਾਮੀ ਨੂੰ ਪਹਿਲ ਦੇਣਗੇ।

6. ਟੈਸਟ ਸ਼ੁਰੂ ਹੋਣ ਦੇ ਸਮੇਂ ਤੋਂ ਇਕ ਘੰਟਾ ਪਹਿਲਾਂ ਉਮੀਦਵਾਰ ਸੈਂਟਰ ਵਿੱਚ ਹਾਜਰ ਹੋਣਗੇ। ਟੈਸਟ ਦਾ ਸਮਾਂ ਅਸਾਮੀ ਵਾਈਜ ਨਿਮਨਅਨੁਸਾਰ ਹੈ:

| ਲੜੀ ਨੰ: | ਅਸਾਮੀ ਦਾ ਨਾਮ | ਪੇਪਰ ਲੈਣ ਦਾ ਸਮਾਂ |
|---|---|---|
| 1. | ਗ੍ਰਾਮ ਰੋਜਗਾਰ ਸਹਾਇਕ | ਸਵੇਰੇ 10:00 ਤੋਂ 11:00 ਵਜੇ ਤੱਕ |
| 2. | ਤਕਨੀਕੀ ਸਹਾਇਕ | ਦੁਪਿਹਰ 12:00 ਤੋਂ 1:00 ਵਜੇ ਤੱਕ |
| 3. | ਡਾਟਾ ਐਂਟਰੀ ਅਪਰੇਟਰ, ਅਸਿਸਟੈਂਟ, ਬਲਾਕ ਕੋਆਰਡੀਨੇਟਰ, ਸੋਸ਼ਲ ਆਡਿਟ ਕੋਆਰਡੀਨੇਟਰ, ਏ.ਪੀ.ਓ., ਕੋਆਰਡੀਨੇਟਰ ਗ੍ਰੀਵੈਂਸ | ਬਾਅਦ ਦੁਪਿਹਰ 03:00 ਵਜੇ ਤੋਂ 4:00 ਵਜੇ ਤੱਕ |

ਵਧੀਕ ਡਿਪਟੀ ਕਮਿਸ਼ਨਰ(ਵਿ:)-ਕਮ-
ਵਧੀਕ ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ),
ਫਰੀਦਕੋਟ।

Scanned by CamScanner